ਦਫਤਰ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ
(ਫੁਟਕਲ ਸ਼ਾਖਾ)
ਹੁਕਮ

ਨਿਮਨ ਹਸਤਾਖਰ ਦੇ ਧਿਆਨ ਵਿੱਚ ਆਇਆ ਹੈ ਕਿ ਸਰਕਾਰੀ ਕਰਮਚਾਰੀਆਂ ਨੂੰ ਜਿਹੜਾ ਕੁਆਰਟਰ ਅਲਾਟ ਕੀਤਾ ਜਾਂਦਾ ਹੈ, ਉਹਨਾਂ ਵੱਲੋ ਇਹ ਕਹਿੰਦੇ ਹੋਏ ਮਕਾਨ ਕਬਜੇ ਵਿੱਚ ਨਹੀ ਲਿਆ ਜਾਂਦਾ ਕਿ ਅਲਾਟ ਕੀਤਾ ਗਿਆ ਸਰਕਾਰੀ ਮਕਾਨ ਸਹੀ ਜਾਂ ਪਹਿਲੀ/ਦੂਜੀ ਮੰਜਿਲ ਪਰ ਹੈ। ਕਰਮਚਾਰੀਆਂ ਵੱਲੋ ਵਾਰ-ਵਾਰ ਕੁਆਰਟਰ ਬਦਲਣ ਸਬੰਧੀ ਦਰਖਾਸਤ ਦੇਣ ਕਾਰਨ ਨਿਮਨ ਹਸਤਾਖਰ ਵੱਲੋ ਜਾਰੀ ਹੁਕਮਾਂ ਦੀ ਅਵਹੇਲਣਾ ਕੀਤੀ ਜਾਂਦੀ ਹੈ ਅਤੇ ਦਫਤਰੀ ਸਮਾਂ ਵੀ ਖਰਾਬ ਹੁੰਦਾ ਹੈ।

ਕਰਮਚਾਰੀਆਂ ਵੱਲੋ ਗਰਾਊਂਡ ਫਲੋਰ ਪਰ ਸਰਕਾਰੀ ਕੁਆਰਟਰ ਅਲਾਟ ਕਰਵਾਉਣ ਲਈ ਦਰਖਾਸਤ ਪ੍ਰਾਪਤ ਹੋਣ ਕਾਰਨ, Handicapped, ਗੰਭੀਰ ਬਿਮਾਰੀ ਨਾਲ ਗ੍ਰਸਤ ਕਰਮਚਾਰੀਆਂ ਅਤੇ ਜਿੰਨ੍ਹਾਂ ਨੂੰ ਡਾਕਟਰ ਵਲੋਂ ਮੈਡੀਕਲ ਰਿਪੋਰਟ ਦੇ ਅਧਾਰ ਤੇ ਪੌੜੀਆਂ ਚੜ੍ਹਨ ਤੇ ਮਨ੍ਹਾਂ ਕੀਤਾ ਗਿਆ ਹੈ, ਉਹਨਾਂ ਨੂੰ ਗਰਾਊਂਡ ਫਲੋਰ ਪਰ ਕੁਆਰਟਰ ਅਲਾਟ ਕਰਵਾਉਣ ਵਿੱਚ ਅੜਚਨਾਂ ਆ ਰਹੀਆਂ ਹਨ।

ਇਸ ਲਈ ਪੰਜਾਬ ਸਰਕਾਰ ਦੇ ਜ਼ਿਲ੍ਹਾਂ ਬਠਿੰਡਾ ਵਿਖੇ ਸਥਿਤ ਸਮੂਹ ਵਿਭਾਗਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੁਲਾਈ, 2024 ਤੋ ਬਾਅਦ ਖਾਲੀ ਹੋਏ ਸਰਕਾਰੀ ਕੁਆਰਟਰਾਂ ਦੀ ਅਲਾਟਮੈਂਟ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਵਿਚਾਰੀ ਜਾਵੇਗੀ :-

01. ਭਵਿੱਖ ਵਿਚ ਗਰਾਊਂਡ ਫਲੋਰ ਪਰ ਖਾਲੀ ਹੋਣ ਵਾਲੇ ਸਰਕਾਰੀ ਮਕਾਨ Handicapped ਲੋਕਾਂ ਲਈ, ਗੰਭੀਰ ਬਿਮਾਰੀ ਨਾਲ ਗ੍ਰਸਤ ਅਤੇ ਜਿੰਨ੍ਹਾਂ ਨੂੰ ਡਾਕਟਰ ਵਲੋ ਮੈਡੀਕਲ ਰਿਪੋਰਟ ਦੇ ਅਧਾਰ ਤੇ ਪੌੜੀਆਂ ਚੜ੍ਹਨ ਤੋਂ ਮਨ੍ਹਾਂ ਕੀਤਾ ਗਿਆ ਹੈ, ਉਹਨਾਂ ਲਈ ਗਰਾਊਂਡ ਫਲੋਰ ਕੁਆਰਟਰ ਰਾਖਵੇਂ ਰੱਖੇ ਜਾਣਗੇ।

02. ਪਹਿਲੀ ਮੰਜ਼ਿਲ ਪਰ, ਜਿੰਨ੍ਹਾਂ ਪਰਿਵਾਰਾਂ ਵਿਚ ਬਜ਼ੁਰਗ )70 ਸਾਲ ਤੋਂ ਵੱਧ ਜਾਂ (05 ਸਾਲ ਤੋਂ ਘੱਟ ਬੱਚੇ ਹਨ, ਉਹਨਾਂ ਲਈ ਪਹਿਲੇ ਫਲੋਰ ਕੁਆਟਰ ਰਾਖਵੇਂ ਰੱਖੇ ਜਾਣਗੇ।

03. ਦੂਜੀ ਮੰਜਿਲ ਪਰ, ਸਿੰਗਲ ਪਰਸਨ ਲਈ, ਅਤੇ ਹੋਰ ਕਰਮਚਾਰੀਆਂ ਲਈ ਰਾਖਵੇਂ ਰੱਖੇ ਜਾਣਗੇ।

04. ਇਸ ਤੋ ਇਲਾਵਾ ਜਿੰਨ੍ਹਾ ਕਰਮਚਾਰੀ ਵੱਲੋ ਸਰਕਾਰੀ ਕੁਆਰਟਰ ਨਾ ਲੈਣ ਵਿੱਚ ਆਨਾਕਾਨੀ ਕੀਤੀ ਜਾਂਦੀ ਹੈ ਤਾ ਉਹਨਾਂ ਨੂੰ Punjab Government Houses (General Pool) Allotment Rules, 1983 ਦੇ ਪੈਰ੍ਹਾ ਨੰਬਰ 09 ਅਨੁਸਾਰ ਅਗਲੇ ਛੇ ਮਹੀਨੇ ਤੱਕ ਕੋਈ ਅਲਾਟਮੈਂਟ ਨਹੀਂ ਕੀਤੀ ਜਾਵੇਗੀ।

05. ਕਰਮਚਾਰੀ ਵੱਲੋਂ ਸਰਕਾਰੀ ਕੁਆਰਟਰ ਖਾਲੀ ਕਰਨ ਸਮੇਂ ਲੋਕ ਨਿਰਮਾਣ ਵਿਭਾਗ, ਬਿਜਲੀ ਵਿਭਾਗ ਅਤੇ ਜਲ/ਸਪਲਾਈ ਵਿਭਾਗ ਵੱਲੋਂ ਜਾਰੀ ਨੋ ਡਿਊ ਸਰਟੀਫਿਕੇਟ ਆਪਣੀ ਦਰਖਾਸਤ ਨਾਲ ਸ਼ਾਮਿਲ ਕਰਕੇ ਇਸ ਦਫਤਰ ਨੂੰ ਜਮ੍ਹਾਂ ਕੀਤਾ ਜਾਵੇਗਾ। ਨੋ ਡਿਊ ਸਰਟੀਫਿਕੇਟ ਪ੍ਰਾਪਤ ਹੋਣ ਉਪਰੰਤ, ਇਸ ਦਫਤਰ ਵੱਲੋਂ ਫਾਈਨਲ ਤੌਰ ਤੇ ਸਰਕਾਰੀ ਕੁਆਰਟਰ ਕੈਂਸਲ ਹੋਣ ਦਾ ਪੱਤਰ ਜਾਰੀ ਹੋਣ ਬਾਅਦ ਹੀ ਕਰਮਚਾਰੀ ਨੂੰ ਮਕਾਨ ਕਿਰਾਇਆ ਮਿਲਣ ਯੋਗ ਹੋਵੇਗਾ ।

ਇਹ ਹੁਕਮ ਤੁਰੰਤ ਪ੍ਰਭਾਵ ਨਾਲ ਲਾਗੂ ਹੋਣਗੇ ।

-ਸਹੀ-
ਚੇਅਰਮੈਨ,
ਹਾਊਸ ਅਲਾਟਮੈਂਟ ਕਮੇਟੀ-
ਕਮ- ਡਿਪਟੀ ਕਮਿਸ਼ਨਰ, ਬਠਿੰਡਾ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ
ਪਿ.ਨੰ.: ਸੀ-1/1/2024/ 10146 ਮਿਤੀ: 03/09/24
ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ, ਬਲਾਕ ਸਿੱਖਿਆ ਅਫਸਰਾਂ ਨੂੰ
ਉਕਤ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ।